# PC–13741/NHH

**C–2111**

ਪੰਜਾਬੀ ਸਾਹਿਤ (ਚੋਣਵਾਂ)

(Semester–V)

Time : Three Hours] [Maximum Marks : 75

**ਭਾਗ-ੳ**

I. ਸ਼ੇਖ ਫ਼ਰੀਦ ਦੇ ਜੀਵਨ ਅਤੇ ਰਚਨਾ ਤੇ ਨੋਟ ਲਿਖੋ।

**ਜਾਂ**

ਭਾਈ ਗੁਰਦਾਸ ਦੀ ਬਾਣੀ ਦੇ ਮੁੱਖ ਵਿਸ਼ਿਆਂ ਤੇ ਨੋਟ ਲਿਖੋ। 11

II. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨ ਲੋ ਪਵਣੁ ਚਵਰੋਂ ਕਰੇ
ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ
ਅਨਹਤਾ ਸ਼ਬਦ ਵਾਜੰਤ ਭੇਰੀ।

(ਅ) ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੈ ਪਤੀਆਇ।
ਮਨੁਮਖਿ ਸੋਝੀ ਨਾ ਪਵੈ ਵੀਛੁੜਿ ਚੋਟਾਂ ਖਾਇ।
ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ। 11

## ਭਾਗ-ਅ

III. ਨਾਟਕ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੇ ਤੱਤਾਂ ਤੇ ਨੋਟ ਲਿਖੋ।

**ਜਾਂ**

ਨਾਟਕ ਅਤੇ ਰੰਗਮੰਚ ਵਿਚਲੇ ਸਬੰਧਾਂ ਅਤੇ ਨਿਖੇੜਿਆਂ ਤੇ ਨੋਟ ਲਿਖੋ। 11

IV. 'ਝਨਾਂ ਦੇ ਪਾਣੀ' ਨਾਟਕ ਦੇ ਇਸਤਰੀ ਪਾਤਰਾਂ ਤੇ ਨੋਟ ਲਿਖੋ।

**ਜਾਂ**

'ਝਨਾਂ ਦੇ ਪਾਣੀ' ਨਾਟਕ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿਚ ਲਿਖੋ। 12

## ਭਾਗ-ੲ

V. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਗੋਰਖ ਨਾਥ ਨੇ ਕਿੰਨੇ ਗ੍ਰੰਥਾਂ ਦੀ ਰਚਨਾ ਕੀਤੀ?
2. ਪੰਜਾਬੀ ਕਾਵਿ ਸੰਗ੍ਰਹਿ ਵਿਚ ਦਰਜ ਪੁਰਾਤਨ ਬਾਰਾਂ ਦੇ ਨਾਂ ਲਿਖੋ।
3. ਸ਼ੇਖ ਫ਼ਰੀਦ ਅਨੁਸਾਰ ਬੇੜ੍ਹਾ ਬੰਨ੍ਹਣ ਦਾ ਸਮਾਂ ਕਦੋਂ ਆਉਂਦਾ ਹੈ?
4. ਭਗਤ ਨਾਮਦੇਵ ਜੀ ਦੀ ਕਿੰਨੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ?

5. ਗੁਰੂ ਰਵਿਦਾਸ ਜੀ ਅਨੁਸਾਰ ਸਤਿਗੁਰੂ ਦਾ ਮਿਲਾਪ ਹੋਣ ਨਾਲ ਕੀ ਹੁੰਦਾ ਹੈ?

6. ਗੁਰੂ ਨਾਨਕ ਦੇਵ ਜੀ ਦੀਆਂ ਪ੍ਰਸਿੱਧ ਬਾਣੀਆਂ ਦੇ ਨਾਂ ਲਿਖੋ।

7. ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਵਿਸ਼ੇ ਕੀ ਹਨ?

8. ਭੰਗਰ ਨਾਥ ਜੋਗੀ ਨੇ ਗੁਰੂ ਨਾਨਕ ਦੇਵ ਜੀ ਨੂੰ ਕੀ ਕਿਹਾ?

9. ਦਮੋਦਰ ਨੇ ਕਿਸ ਛੰਦ ਵਿਚ ਹੀਰ ਲਿਖੀ?

10. 'ਪੰਜਾਬੀ ਕਾਵਿ ਸੰਗ੍ਰਹਿ' ਪੁਸਤਕ ਵਿਚ ਕਿਹੜੇ-ਕਿਹੜੇ ਸੂਫੀ ਕਵੀਆਂ ਦੀ ਬਾਣੀ ਦਰਜ ਹੈ?

11. ਗੁਰੂ ਤੇਗ ਬਹਾਦਰ ਜੀ ਦੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੀ ਅਤੇ ਕਿਹੜੇ ਰਾਗਾਂ ਵਿਚ ਬਾਣੀ ਦਰਜ ਹੈ?

12. ਚੰਡੀ ਦੀ ਵਾਰ ਦਾ ਕੇਂਦਰੀ ਭਾਵ ਲਿਖੋ।

13. ਨਾਟਕ ਕੀ ਹੁੰਦਾ ਹੈ?

14. ਨਾਟਕ ਦੇ ਪਲਾਟ ਸਬੰਧੀ ਆਪਣੇ ਵਿਚਾਰ ਪੇਸ਼ ਕਰੋ।

15. 'ਝਨਾਂ ਦੇ ਪਾਣੀ' ਨਾਟਕ ਦੇ ਪਾਤਰ ਦਰਸ਼ਨ ਦਾ ਵਿਆਹ ਕਿਉਂ ਨਹੀਂ ਹੁੰਦਾ ਸੀ? 15×2=30

---